॥ ਜੈ ਮਹਾਵੀਰ ॥

# ਸਮਤਾ ਸਰਵ ਮੰਗਲ

# ਸਮਤਾ ਸਰਵ ਮੰਗਲ—ਅਰਾਧਨਾ ਵਿਧੀ

ਸਮਤਾ ਸਰਵ ਮੰਗਲ ਦਾ ਇੱਕ ਫਾਰਮੈਟ ਬਣਿਆ ਹੈ, ਜਿਸ ਦਾ ਸੂਚਕਾਂਕ ਵਿੱਚ ਵਿਸਥਾਰ ਨਾਲ ਵਰਣਨ ਦਿੱਤਾ ਗਿਆ ਹੈ।

✦ ਅਸੀਂ ਸਾਰੇ ਵਿਭਾਗ–ਕ੍ਰਮ (I) ਤੋਂ (V) ਤੱਕ ਦੀ ਪੂਜਾ ਹਰ ਰੋਜ਼ ਸਾਮੂਹਿਕ ਰੂਪ ਵਿੱਚ ਕਰਨ ਦਾ ਭਾਵ ਅਤੇ ਲਕਸ਼ ਰੱਖੀਏ, ਜਿਸ ਵਿੱਚ ਜ਼ਿਆਦਾ ਤੋਂ ਜ਼ਿਆਦਾ 10 ਮਿੰਟ ਦਾ ਸਮਾਂ ਲਗੇਗਾ।

✦ ਸਮਤਾ ਸਰਵ ਮੰਗਲ ਦੀ ਅਰਾਧਨਾ ਪੂਜਾ ਸਾਨੂੰ ਆਪਣੇ ਕਾਰੋਬਾਰੀ ਥਾਂ, ਦਫ਼ਤਰ/ਫੈਕਟਰੀ, ਉਦਯੋਗ, ਸੰਸਥਾ ਆਦਿ ਕੰਮ ਦੇ ਖੇਤਰ ਵਿੱਚ ਕਰਨੀ ਹੈ। ਹਰ ਰੋਜ਼ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਨਿਯੋਕਤਾ/ਮਾਲਕ ਸਮੇਤ ਸਾਰੇ ਮੁਲਾਜ਼ਮਾਂ ਤੇ ਸਹਿਯੋਗੀ ਲੋਕਾਂ ਨੂੰ ਜਿੰਨਾ ਹੋ ਸਕੇ, ਸਾਮੂਹਿਕ ਰੂਪ ਵਿੱਚ ਅਰਾਧਨਾ ਕਰਨੀ ਹੈ।

✦ ਸਾਨੂੰ ਆਪਣੇ ਉਦਯੋਗ ਖੇਤਰ ਵਿੱਚ ਇੱਕ ਸਥਾਨ ਚੁਣ ਕੇ ਇਸ ਕਿਤਾਬ ਨੂੰ ਸੁਰੱਖਿਅਤ ਰੱਖਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਮਾਲਕ/ਨਿਯੋਕਤਾ ਆਪਣੇ ਸਾਰੇ ਕਰਮਚਾਰੀ ਅਤੇ ਸਹਿਯੋਗੀ ਲੋਕਾਂ ਨੂੰ 10 ਮਿੰਟ ਦੀ ਇਸ ਭਗਤੀ ਨੂੰ ਆਪਣੇ ਕਾਰਜ਼ ਖੇਤਰ ਵਿੱਚ ਕਰਨ ਲਈ ਪ੍ਰੇਰਿਤ ਕਰਨ।

# ਵਿਸ਼ਾ-ਸੂਚੀ


| ਲੜੀ ਨੰ. | ਵਿਸ਼ਾ | ਪੰਨਾ ਨੰ. |
| --- | --- | --- |
| | ਮੁੱਖ ਬੰਧ | 4 |
| 1 | ਨਵਕਾਰ ਮਹਾਮੰਤਰ | 6 |
| 2 | ਹੋਵੇ ਧਰਮ ਪ੍ਰਚਾਰ | 7 |
| 3 | ਮੇਰੀ ਭਾਵਨਾ | 8 |
| 4 | ਹਰ ਰੋਜ਼ ਲਈ ਛੋਟੇ-ਛੋਟੇ ਨਿਯਮ | 11 |
| 5 | ਮਾਂਗਲਿਕ ਪਾਠ | 12 |
| 6 | ਨਵਕਾਰ ਮਹਾਮੰਤਰ-ਭਾਵ ਅਰਥ | 13 |
| 7 | ਮਾਂਗਲਿਕ ਪਾਠ-ਭਾਵ ਅਰਥ ਸਹਿਤ | 16 |

# ਮੁੱਖ ਬੰਧ

ਭਾਰਤੀ ਸੰਸਕ੍ਰਿਤੀ ਵਿੱਚ ਮੰਗਲਾਚਰਨ ਦੀ ਮੁੱਖ ਥਾਂ ਹੈ। ਮੰਗਲਾਚਰਨ ਨਾਲ ਵਿਚਾਰਾਂ ਵਿੱਚ ਸ਼ੁੱਧਤਾ ਆਉਂਦੀ ਹੈ, ਜਿਸ ਨਾਲ ਸਾਰੇ ਕੰਮ ਵਿੱਚ ਉਤਸ਼ਾਹ, ਉਮੰਗ ਤੇ ਸ਼ਾਂਤੀ ਬਣੀ ਰਹਿੰਦੀ ਹੈ। ਮੰਗਲਾਚਰਨ ਨਾਲ ਰੱਬ ਦੀ ਸ਼ਕਤੀ ਨਾਲ ਸਾਡਾ ਸੰਬੰਧ ਜੁੜਦਾ ਹੈ। ਹਰ ਰੋਜ਼ ਕੰਮ ਤੋਂ ਪਹਿਲਾਂ ਮੰਗਲਕਾਰੀ ਸ਼ਬਦਾਂ ਦਾ ਉਚਾਰਣ ਸਾਡੇ ਸੰਪੂਰਨ ਜੀਵਨ ਵਿੱਚ ਮੰਗਲ ਦਾ ਸੰਚਾਰ ਕਰਦਾ ਹੈ। ਮੰਗਲਾਚਰਨ ਨਾਲ ਸਾਡਾ ਆਭਾ-ਮੰਡਲ ਤੇਜ਼ਸਵੀ ਬਣਦਾ ਹੈ ਅਤੇ ਸਮੂਹਿਕ ਰੂਪ ਵਿੱਚ ਮੰਗਲ ਦਾ ਸੰਚਾਰ ਸਾਰੇ ਵਾਤਾਵਰਨ ਨੂੰ ਖੁਸ਼ਨੁਮਾ ਤੇ ਚਮਕਦਾਰ ਬਣਾਉਂਦਾ ਹੈ।

'ਸਮਤਾ-ਸਰਵ-ਮੰਗਲ' ਦਾ ਇਹ ਉਪਕ੍ਰਮ ਅਜਿਹੇ ਸ਼ਬਦਾਂ ਨਾਲ ਬਣਾਇਆ ਗਿਆ ਹੈ ਜਿਹਦੇ ਨਾਲ ਸਭ ਪਾਸੇ ਸਮਤਾਮਈ ਤੇ ਮੰਗਲਮਈ ਸੁੱਖਾਂ ਦਾ ਪ੍ਰਸਾਰ ਹੋਵੇ। ਨਵਕਾਰ ਮਹਾਮੰਤਰ ਕਿਸੇ ਵੀ ਮਨੁੱਖ, ਜਾਤੀ, ਸਮਾਜ ਤੇ ਧਰਮ ਨਾਲ ਜੁੜੇ ਲੋਕਾਂ ਨੂੰ ਗੁਣਾਂ ਨਾਲ ਭਰੀਆਂ ਹੋਈਆਂ ਆਤਮਾਵਾਂ ਦੀ ਸ਼ਕਤੀ ਤੇ ਤੇਜ਼ ਨੂੰ ਦੇਣ ਵਾਲਾ ਹੈ। ਇਹ ਸਾਡੇ ਜੀਵਨ ਨੂੰ ਸੁੱਖ ਤੇ ਸੁਰੱਖਿਆ ਦਿੰਦਾ ਹੈ।

'ਹੋਵੇ ਧਰਮ ਪ੍ਰਚਾਰ' ਅਤੇ 'ਮੇਰੀ ਭਾਵਨਾ' ਦੇ ਸ਼ਬਦ ਜੀਵਨ ਵਿੱਚ ਨੈਤਿਕਤਾ, ਇਮਾਨਦਾਰੀ, ਸਹਿਣਸ਼ੀਲਤਾ, ਸਮਤਾ ਆਦਿ ਅਨੇਕ ਸਦਗੁਣਾਂ ਨੂੰ ਵਿਕਸਿਤ ਕਰਨ ਵਾਲੇ ਹਨ।

ਹਰ ਰੋਜ਼ ਦਾ ਇੱਕ ਨਿਯਮ ਸਾਡੇ ਅੰਦਰ ਆਤਮ ਵਿਸ਼ਵਾਸ਼ ਨੂੰ ਵਧਾਉਂਦਾ ਹੈ ਅਤੇ ਆਪਣੇ-ਆਪ 'ਤੇ ਕਾਬੂ ਕਰਨ ਦੀ ਸ਼ਕਤੀ ਪੈਦਾ ਕਰਦਾ ਹੈ।

'ਮੰਗਲ ਪਾਠ' ਸਾਨੂੰ ਸੰਸਾਰ ਦੀਆਂ ਸਭ ਤੋਂ ਉੱਤਮ ਆਤਮਾਵਾਂ ਨਾਲ ਜੋੜਦਾ ਹੈ ਅਤੇ ਸਾਡੇ ਜੀਵਨ ਨੂੰ ਸਾਰੇ ਮਹਾਨ ਪੁਰਸ਼ਾਂ ਦੀ ਊਰਜਾ ਦੁਆਰਾ ਸੁਰੱਖਿਅਤ, ਆਨੰਦ ਅਤੇ ਖੁਸ਼ੀ ਮਹਿਸੂਸ ਕਰਵਾਉਂਦਾ ਹੈ।

ਸਾਰ ਇਹ ਹੈ ਕਿ 'ਸਮਤਾ-ਸਰਵ-ਮੰਗਲ' ਦਾ ਸੰਗਾਣ, ਮਾਲਕ ਤੋਂ ਲੈ ਕੇ ਚੌਂਕੀਦਾਰ ਤੱਕ ਹਰ ਮਨੁੱਖ ਆਪਣੇ ਉਦਯੋਗ ਸੰਸਥਾ, ਦਫ਼ਤਰ, ਦੁਕਾਨ, ਫੈਕਟਰੀ ਵਿੱਚ ਕਰੇ ਤਾਂ ਜੋ ਉੱਥੋਂ ਦਾ ਸਾਰਾ ਵਾਤਾਵਰਨ ਤੇ ਜਨ-ਜਨ ਇੱਕ ਮੰਗਲ ਸਵਰੂਪ ਦਾ ਵਰਣ ਕਰੇ।

*ਮਹਾਮੰਤਰੋਂ ਨਮਸਕਾਰ, ਕਾਵਯੰ ਸਦਗੁਣਵਰਧਕੰ।*
*ਪ੍ਰਤਿਗਿਆ ਮੰਗਲੰ ਪਾਠ, ਸਮਤਾ ਸਰਵ ਮੰਗਲੰ॥*

# I. ਨਵਕਾਰ ਮਹਾਮੰਤਰ

| | | | | |
|---|---|---|---|---|
| ਨਮੋ ਅਰਿਹੰਤਾਣੰ | ਨਮੋ ਅਰਿਹੰਤਾਣੰ | ਨਮੋ ਅਰਿਹੰਤਾਣੰ | ਨਮੋ ਅਰਿਹੰਤਾਣੰ | ਨਮੋ ਅਰਿਹੰਤਾਣੰ |
| ਨਮੋ ਸਿੱਧਾਣੰ | ਨਮੋ ਸਿੱਧਾਣੰ | ਨਮੋ ਸਿੱਧਾਣੰ | ਨਮੋ ਸਿੱਧਾਣੰ | ਨਮੋ ਸਿੱਧਾਣੰ |
| ਨਮੋ ਆਯਰਿਯਾਣੰ | ਨਮੋ ਆਯਰਿਯਾਣੰ | ਨਮੋ ਆਯਰਿਯਾਣੰ | ਨਮੋ ਆਯਰਿਯਾਣੰ | ਨਮੋ ਆਯਰਿਯਾਣੰ |
| ਨਮੋ ਉਵੱਝਾਯਾਣੰ | ਨਮੋ ਉਵੱਝਾਯਾਣੰ | ਨਮੋ ਉਵੱਝਾਯਾਣੰ | ਨਮੋ ਉਵੱਝਾਯਾਣੰ | ਨਮੋ ਉਵੱਝਾਯਾਣੰ |
| ਨਮੋ ਲੋਏ ਸੱਵਸਾਹੂਣੰ | ਨਮੋ ਲੋਏ ਸੱਵਸਾਹੂਣੰ | ਨਮੋ ਲੋਏ ਸੱਵਸਾਹੂਣੰ | ਨਮੋ ਲੋਏ ਸੱਵਸਾਹੂਣੰ | ਨਮੋ ਲੋਏ ਸੱਵਸਾਹੂਣੰ |

*ਏਸੋ ਪੰਚ ਨਮੋਕਾਰੋ, ਸੱਵ-ਪਾਵਪਣਾਸਣੋ।*

*ਮੰਗਲਾਣੰ ਚ ਸਵੇਸਿੰ, ਪਢਮੰ ਹਵਈ ਮੰਗਲੰ॥*

# II. ਹੋਵੇ ਧਰਮ ਪ੍ਰਚਾਰ

ਹੋਵੇ ਧਰਮ ਪ੍ਰਚਾਰ,
ਪਿਆਰੇ ਭਾਰਤ ਵਿੱਚ।
ਹਾਂ ਹੋਵੇ ਧਰਮ ਪ੍ਰਚਾਰ,
ਪਿਆਰੇ ਭਾਰਤ ਵਿੱਚ॥

(1) ਛੱਡ ਕੇ ਨਿੰਦਾ, ਝੂਠ ਬੁਰਾਈ,
ਗਲੇ ਮਿਲੇ ਸਭ ਭਾਈ-ਭਾਈ,
ਵਹੇ ਪ੍ਰੇਮ ਦੀ ਧਾਰ, ਪਿਆਰੇ ਭਾਰਤ ਵਿੱਚ॥

(2) ਮੂੰਹ ਤੋਂ ਕੋਈ ਦੇਵੇ ਨਾ ਗਾਲੀ,
ਬੋਲੀ ਬੋਲੇ ਇੱਜ਼ਤ ਵਾਲੀ,
ਮਿੱਠੀ ਤੇ ਰਸਦਾਰ, ਪਿਆਰੇ ਭਾਰਤ ਵਿੱਚ।

# III. ਮੇਰੀ ਭਾਵਨਾ

ਨਹੀਂ ਸਤਾਵਾਂ ਕਿਸੇ ਜੀਵ ਨੂੰ,
ਝੂਠ ਕਦੇ ਨਾ ਕਿਹਾ ਕਰਾਂ।
ਪਰ-ਧਨ ਵਨੀਤਾ 'ਤੇ ਨਾ ਲੁਭਾਵਾਂ,
ਸੰਤੋਖ ਅੰਮ੍ਰਿਤ ਪੀਆ ਕਰਾਂ।

ਹੰਕਾਰ ਦਾ ਭਾਵ ਨਾ ਰੱਖਾਂ।
ਨਹੀਂ ਕਿਸੇ 'ਤੇ ਕ੍ਰੋਧ ਕਰਾਂ।
ਵੇਖ ਦੂਜਿਆਂ ਦੀ ਵੱਧਦੀ ਨੂੰ,
ਕਦੇ ਨਾ ਈਰਖਾ ਭਾਵ ਧਰਾਂ।

ਰਹੇ ਭਾਵਨਾ ਅਜਿਹੀ ਮੇਰੀ,
ਸਰਲ ਸੱਚ ਵਿਹਾਰ ਕਰਾਂ।
ਬਣੇ ਜਿੱਥੋਂ ਤੱਕ ਇਸ ਜੀਵਨ ਵਿੱਚ,
ਦੂਜਿਆਂ ਤੇ ਉਪਕਾਰ ਕਰਾਂ॥

ਮੈਤ੍ਰੀ ਭਾਵ ਜਗਤ ਵਿੱਚ ਮੇਰਾ,
ਸਭ ਜੀਵਾਂ 'ਤੇ ਨਿੱਤ ਰਵੇ।
ਦੀਨ ਦੁੱਖੀ ਜੀਵਾਂ 'ਤੇ ਮੇਰੇ,
ਦਿਲ ਚੋਂ ਕਰੁਣਾ ਸ੍ਰੋਤ ਬਹੇ॥

ਦੁਸ਼ਟ-ਕਰੂਰ-ਬੁਰੇ ਰਾਹ ’ਤੇ,
ਸ਼ੋਭ (ਪਰੇਸ਼ਾਨੀ) ਕਦੇ ਨਾ ਮੈਨੂੰ ਆਵੇ।
ਸਮਾਨ ਭਾਵ ਰੱਖਾਂ ਮੈਂ ਉਨ੍ਹਾਂ ’ਤੇ,
ਇਸ ਤਰ੍ਹਾਂ ਦੀ ਪਰਿਨਤੀ (ਸਿੱਖਰ) ਹੋ ਜਾਵੇ॥

ਗੁਣੀਜਣਾਂ ਨੂੰ ਵੇਖ ਦਿਲ ’ਚ,
ਮੇਰੇ ਪ੍ਰੇਮ ਉਮੜ ਆਵੇ।
ਬਣੇ ਜਿੱਥੋਂ ਤੱਕ ਉਨ੍ਹਾਂ ਦੀ ਸੇਵਾ,
ਕਰਕੇ ਇਹ ਮਨ ਸੁੱਖ ਪਾਵੇ॥

ਹੋਵਾਂ ਨਾ ਕ੍ਰਿਤਘਣ ਕਦੇ ਮੈਂ,
ਦ੍ਰੋਹ ਨਾ ਮੇਰੇ ਮਨ ਆਵੇ।
ਗੁਣ ਗ੍ਰਹਿਣ ਦਾ ਭਾਵ ਰਹੇ ਨਿੱਤ,
ਦ੍ਰਿਸ਼ਟੀ (ਨਜ਼ਰ) ਨਾ ਦੋਸ਼ਾਂ ’ਤੇ ਜਾਵੇ।

ਕੋਈ ਬੁਰਾ ਕਹੇ ਜਾਂ ਚੰਗਾ,
ਲੱਛਮੀ ਆਵੇ ਜਾਂ ਜਾਵੇ।
ਲੱਖਾਂ ਸਾਲਾਂ ਤੱਕ ਜੀਵਾਂ,
ਜਾਂ ਮੌਤ ਅੱਜ ਹੀ ਆ ਜਾਵੇ॥

’ਤੇ ਕੋਈ ਕਿਸੇ ਤਰ੍ਹਾਂ ਦਾ ਵੀ ਡਰ,
ਜਾਂ ਲਾਲਚ ਦੇਣ ਲਈ ਆਵੇ।

ਤਾਂ ਵੀ ਨਿਆਂ ਮਾਰਗ ਤੋਂ ਮੇਰਾ,
ਕਦੇ ਨਾ ਪੱਗ ਡਿੱਗਣੇ ਪਾਵੇ॥

ਹੋ ਕੇ ਸੁੱਖ ਵਿੱਚ ਮਗਨ ਨਾ ਫੁੱਲੇ,
ਦੁੱਖ ਵਿੱਚ ਕਦੇ ਨਾ ਘਬਰਾਵੇ।
ਪਰਵਤ, ਨਦੀ, ਸ਼ਮਸ਼ਾਨ ਭਿਆਨਕ,
ਅੱਟਵੀ ਤੋਂ ਨਹੀਂ ਡਰ ਖਾਵੇ॥

ਰਹੇ ਅਡੋਲ, ਅਕੰਪ (ਕੰਬਣਾ) ਨਿਰੰਤਰ,
ਇਹ ਮਨ ਦ੍ਰਿੜਤਰ (ਮਜ਼ਬੂਤ) ਬਣ ਜਾਵੇ।
ਇਸ਼ਟ-ਵਿਯੋਗ ਅਨਿਸ਼ਟ-ਯੋਗ ਵਿੱਚ,
ਸਹਿਣਸ਼ੀਲਤਾ ਦਿਖਲਾਵੇ॥

ਸੁੱਖੀ ਰਹਿਣ ਸਭ ਜੀਵ ਜਗਤ ਦੇ,
ਕੋਈ ਕਦੇ ਨਾ ਘਬਰਾਵੇ।
ਵੈਰ, ਪਾਪ, ਅਭਿਮਾਨ ਛੱਡ ਜੱਗ,
ਨਿੱਤ ਨਵੇਂ ਮੰਗਲ ਗਾਵੇ॥

ਘਰ-ਘਰ ਚਰਚਾ ਰਵੇ ਧਰਮ ਦੀ,
ਦੁਸ਼ਕ੍ਰਿਤ ਦੁਸ਼ਕਰ ਹੋ ਜਾਵੇ।
ਗਿਆਨ ਚਰਿੱਤ ਉਨੱਤ ਕਰ ਆਪਣਾ,
ਮਨੁੱਖ ਜਨਮ ਫਲ ਸਭ ਪਾਵੇ॥

# IV ਹਰ ਰੋਜ਼ ਲਈ ਛੋਟੇ-ਛੋਟੇ ਨਿਯਮ

7 ਦਿਨਾਂ ਲਈ, ਜਿਹੜੇ ਆਸਾਨੀ ਅਤੇ ਸਹਿਜਤਾ ਨਾਲ ਪਾਲੇ ਜਾ ਸਕਣ

| | | |
|---|---|---|
| 1 | ਸੋਮਵਾਰ | ਕਿਸੇ ਦਾ ਬੁਰਾ ਨਹੀਂ ਸੋਚਣਾ। |
| 2 | ਮੰਗਲਵਾਰ | ਵਾਹਨ ਚਲਾਉਣ ਵੇਲੇ ਮੋਬਾਇਲ ਨਾ ਵਰਤਣਾ। |
| 3 | ਬੁੱਧਵਾਰ | ਕਿਸੇ ਵੀ ਚੀਜ਼ ਨੂੰ ਪੈਰ ਨਾਲ ਠੋਕਰ ਨਾ ਮਾਰਨਾ। |
| 4 | ਵੀਰਵਾਰ | ਕਿਸੇ ਦਾ ਵੀ ਮਜ਼ਾਕ ਨਾ ਉਡਾਉਣਾ। |
| 5 | ਸ਼ੁੱਕਰਵਾਰ | ਰੋਟੀ ਖਾਣ ਤੋਂ ਪਹਿਲਾਂ ਰੱਬ ਦਾ ਨਾਮ ਲੈ ਕੇ ਰੋਟੀ ਖਾਉਣੀ। |
| 6 | ਸ਼ਨੀਵਾਰ | ਮੋਬਾਇਲ ਵਿੱਚ ਗੇਮ ਨਹੀਂ ਖੇਡਣੀ। |
| 7 | ਐਤਵਾਰ | ਜੂਠਾ ਨਹੀਂ ਛੱਡਣਾ। |

# V. ਮਾਂਗਲਿਕ ਪਾਠ

ਗੁਰੂ ਮਹਾਰਾਜ ਜੀ ਦੀ ਇਜ਼ਾਜ਼ਤ ਨਾਲ—

**ਚਤਾਰਿ ਮੰਗਲੰ, ਅਰਿਹੰਤਾ ਮੰਗਲੰ, ਸਿੱਧਾ ਮੰਗਲੰ,**
**ਸਾਹੂ ਮੰਗਲੰ, ਕੇਵਲੀਪੰਣਤੋ, ਧੰਮੋ ਮੰਗਲੰ।**

ਚਤਾਰਿ ਲੋਗੁੱਤਮਾ, ਅਰਿਹੰਤਾ ਲੋਗੁੱਤਮਾ,
ਸਿੱਧਾ ਲੋਗੁੱਤਮਾ, ਸਾਹੂ ਲੋਗੁੱਤਮਾ,
ਕੇਵਲੀਪੰਣਤੋ ਧੰਮੋ ਲੋਗੁੱਤਮੋ।

**ਚਤਾਰਿ ਸ਼ਰਣਮ ਪਵੱਜਾਮਿ, ਅਰਿਹੰਤੇ ਸ਼ਰਣਮ ਪਵੱਜਾਮਿ,**
**ਸਿੱਧੇ ਸ਼ਰਣਮ ਪਵੱਜਾਮਿ, ਸਾਹੂ ਸ਼ਰਣਮ ਪਵੱਜਾਮਿ,**
**ਕੇਵਲੀਪੰਣਤਮ ਧੰਮਮਸਰਣਮ ਪਵੱਜਾਮਿ।**

ਅਰਿਹੰਤਾਂ ਦਾ ਸ਼ਰਣਾ, ਸਿੱਧਾਂ ਦਾ ਸ਼ਰਣਾ, ਸਾਧੂਆਂ ਦਾ ਸ਼ਰਣਾ,
ਕੇਵਲੀ–ਪ੍ਰਰੂਪਿਤ ਧਰਮ ਦਾ ਸ਼ਰਣਾ।

**ਚਾਰ ਸ਼ਰਣਾ, ਦੁੱਖ ਹਰਨਾ, ਹੋਰ ਨਾ ਸ਼ਰਣਾ ਕੋਏ।**
**ਜੋ ਭਵ ਪ੍ਰਾਣੀ ਆਦਰੇ, ਅਕਸ਼ੈ, ਅਮਰ ਪਦ ਹੋਏ॥**

ਇਤਿ ਸਮਤਾ ਸਰਵ ਮੰਗਲ।

# VI. ਨਵਕਾਰ ਮਹਾਂਮੰਤਰ—ਭਾਵ ਅਰਥ

## ਨਮੋ ਅਰਿਹੰਤਾਣੰ

ਮੈਂ ਨਿਮਰਤਾ, ਸ਼ਰਧਾ ਤੇ ਭਗਤੀ ਨਾਲ ਸਤਿਕਾਰਯੋਗ ਮਹਾਨ ਮਨੁੱਖਾਂ ਨੂੰ ਪੂਜਦਾ ਹਾਂ, ਜਿਨ੍ਹਾਂ ਨੇ ਕ੍ਰੋਧ, ਅਭਿਮਾਨ, ਮਾਇਆ, ਲੋਭ ਆਦਿ ਅਵਗੁਣਾਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ।

I humbly and solemnly worship the revered human beings who have conquered anger, ego, deceit, greed and other vices.

## ਨਮੋ ਸਿੱਧਾਣੰ

ਮੈਂ ਨਿਮਰਤਾ, ਸ਼ਰਧਾ ਤੇ ਭਗਤੀ ਨਾਲ ਅਜਿਹੀਆਂ ਰੂਹਾਂ ਦੀ ਪੂਜਾ ਕਰਦਾ ਹਾਂ, ਜਿਹੜੀਆਂ 8 ਕਰਮਾਂ ਦੇ ਬੰਧਨਾਂ ਤੋਂ ਮੁਕਤ ਹਨ।

I humbly and solemnly worship the revered souls who are epitome of purity and who have liberated themselves from all kinds of attachments.

## ਨਮੋ ਆਯਰਿਯਾਣੰ

ਮੈਂ ਨਿਮਰਤਾ, ਸ਼ਰਧਾ ਤੇ ਭਗਤੀ ਨਾਲ ਸਤਿਕਾਰਯੋਗ ਆਚਾਰਿਆਂ ਨੂੰ ਪੂਜਦਾ ਹਾਂ, ਜਿਹੜੇ ਹਰ ਤਰ੍ਹਾਂ ਨਾਲ ਸਹੀ ਚਰਿੱਤਰ ਦੀ ਆਪ ਵੀ ਪਾਲਣਾ ਕਰਦੇ ਹਨ ਅਤੇ ਹੋਰਾਂ ਤੋਂ ਵੀ ਪਾਲਣ ਕਰਵਾਉਂਦੇ ਹਨ।

I humbly and solemnly worship the revered Spiritual Gurus who practice Right Conduct in all its manifestations and mentor others to practice the Right Conduct.

## ਨਮੋਂ ਉਵੱਝਾਯਾਣੰ-

ਮੈਂ ਨਿਮਰਤਾ, ਸ਼ਰਧਾ ਤੇ ਭਗਤੀ ਨਾਲ ਸ਼ਾਸ਼ਤਰਾਂ ਦੇ ਜਾਣਕਾਰ ਵਿਦਵਾਨ ਉਪਾਧਿਆਂ ਨੂੰ ਪੂਜਦਾ ਹਾਂ, ਜੋ ਦੂਸਰਿਆਂ ਨੂੰ ਵੀ ਸ਼ਾਸਤਰਾਂ ਦਾ ਅਧਿਐਨ ਕਰਵਾਉਂਦੇ ਹਨ।

I humbly and solemnly worship the revered saints having profound wisdom and scriptural knowledge and who mentor others to gain the Right Knowledge.

## ਨਮੋ ਲੋਏ ਸੱਵਸਾਹੂਣੰ

ਮੈਂ ਨਿਮਰਤਾ, ਸ਼ਰਧਾ ਤੇ ਭਗਤੀ ਨਾਲ ਸਤਿਕਾਰਯੋਗ ਸਾਧੂਆਂ ਨੂੰ ਪੂਜਦਾ ਹਾਂ, ਜਿਹੜੇ ਹਰ ਤਰ੍ਹਾਂ ਨਾਲ ਸਹੀ ਚਰਿੱਤਰ ਦੀ ਪਾਲਣਾ ਕਰਦੇ ਹਨ।

I humbly and solemnly worship the revered Saints who practice Right Conduct in all its manifestations.

*ਏਸੋ ਪੰਚ ਨਮੋਕੱਰੋ, ਸੱਵ ਪਾਵਪਣਾਸਣੋ*
*ਮੰਗਲਾਣੰ ਚ ਸਵੇਸਿੰ, ਪਢਮੰ ਹਵਈ ਮੰਗਲੰ*

ਨਿਮਰਤਾ ਸਹਿਤ, ਸ਼ਰਧਾ ਤੇ ਭਗਤੀ ਨਾਲ ਕੀਤੀ ਗਈ ਪੰਚ ਪਰਮੇਸ਼ਠੀ ਰੂਪੀ ਮਹਾਨ ਆਤਮਾਵਾਂ ਦੀ ਪੂਜਾ ਸਾਰੇ ਪਾਪਾਂ ਦਾ ਨਾਸ਼ ਕਰਦੀ ਹੈ। ਇਸ ਤਰ੍ਹਾਂ ਦੀ ਭਗਤੀ ਸੰਸਾਰ ਦੇ ਸਾਰੇ ਮੰਗਲਾਂ ਵਿੱਚੋਂ ਸਭ ਤੋਂ ਪ੍ਰਮੁੱਖ, ਪ੍ਰਧਾਨ, ਉੱਤਮ ਤੇ ਮੰਗਲ ਰੂਪ ਹੈ।

Humbly and solemnly worshiping the above five liberates us from our sins. Among all that is considered auspicious, such a worship is the most auspicious.

# VII. ਮਾਂਗਲਿਕ ਪਾਠ—ਭਾਵ ਅਰਥ ਸਹਿਤ

## ਚਤਾਰਿ ਮੰਗਲੰ

ਭਾਵ–ਲੋਕ ਵਿੱਚ ਚਾਰ ਮੰਗਲ ਹਨ।

*1. ਅਰਿਹੰਤਾ ਮੰਗਲੰ 2. ਸਿੱਧਾ ਮੰਗਲੰ*

*3. ਸਾਹੂ ਮੰਗਲੰ 4. ਕੇਵਲੀਪੰਣਤੋ ਧੰਮੋ ਮੰਗਲੰ*

### ਭਾਵ

1. ਅਰਿਹੰਤ ਭਗਵਾਨ ਮੰਗਲ ਹਨ।
2. ਸਿੱਧ ਭਗਵਾਨ ਮੰਗਲ ਹਨ।
3. ਸੰਸਾਰ ਵਿੱਚ ਰਹਿ ਰਹੇ ਸਾਰੇ ਸਾਧੂ ਜੀ ਮਹਾਰਾਜ ਮੰਗਲ ਹਨ।
4. ਕੇਵਲੀ ਭਗਵਾਨ ਦੁਆਰਾ ਦੱਸਿਆ ਗਿਆ ਧਰਮ ਮੰਗਲ ਹੈ।

## ਚਤਾਰਿ ਲੋਗੁੱਤਮਾ

ਭਾਵ–ਲੋਕ ਵਿੱਚ 4 ਉੱਤਮ ਹਨ।

1. ਅਰਿਹੰਤਾ ਲੋਗੁੱਤਮਾ 2. ਸਿੱਧਾ ਲੋਗੁੱਤਮਾ

3. ਸਾਹੂ ਲੋਗੁੱਤਮਾ 4. ਕੇਵਲੀਪੰਣਤੋ ਧੰਮੋ ਲੋਗੁੱਤਮੋ

### ਭਾਵ

1. ਅਰਿਹੰਤ ਭਗਵਾਨ ਉੱਤਮ ਹਨ।

2. ਸਿੱਧ ਭਗਵਾਨ ਉੱਤਮ ਹਨ।

3. ਸੰਸਾਰ ਵਿੱਚ ਰਹਿ ਰਹੇ ਸਾਰੇ ਸਾਧੂ ਮੁਨੀਰਾਜ ਉੱਤਮ ਹਨ।

4. ਕੇਵਲੀ ਭਗਵਾਨ ਦੁਆਰਾ ਦੱਸਿਆ ਗਿਆ ਧਰਮ ਲੋਕ ਵਿੱਚ ਉੱਤਮ ਹੈ।

**ਚਤਾਰਿ ਸ਼ਰਣਮ ਪਵੱਜਾਮਿ**

**ਭਾਵ 4 ਸ਼ਰਣ ਨੂੰ ਮੈਂ ਅਪਣਾਉਂਦਾ ਹਾਂ।**

1. ਅਰਿਹੰਤੇ ਸ਼ਰਣਮ ਪਵੱਜਾਮਿ 2. ਸਿੱਧੇ ਸ਼ਰਣਮ ਪਵੱਜਾਮਿ
3. ਸਾਹੂ ਸ਼ਰਣਮ ਪਵੱਜਾਮਿ 4. ਕੇਵਲੀਪੰਣਤਮ ਧੱਮਮ ਸ਼ਰਣਮ ਪਵੱਜਾਮਿ

**ਭਾਵ**

1. ਅਰਿਹੰਤ ਭਗਵਾਨ 2. ਸਿੱਧ ਭਗਵਾਨ 3. ਸੰਸਾਰ ਵਿੱਚ ਰਹਿ ਰਹੇ ਸਾਰੇ ਸਾਧੂ/ਮਹਾਰਾਜ 4. ਕੇਵਲੀ ਭਗਵਾਨ ਦੁਆਰਾ ਦੱਸੇ ਗਏ ਧਰਮ ਦੀ ਮੈਂ ਸ਼ਰਣ ਲੈਂਦਾ ਹਾਂ।

1. ਅਰਿਹੰਤਾਂ ਦਾ ਸ਼ਰਣਾ
2. ਸਿੱਧਾਂ ਦਾ ਸ਼ਰਣਾ 3. ਸਾਧੂਆਂ ਦਾ ਸ਼ਰਣਾ
4. ਕੇਵਲੀ ਪ੍ਰਰੂਪਿਤ ਧਰਮ ਦਾ ਸ਼ਰਣਾ

**ਭਾਵ**

1. ਮੈਨੂੰ ਅਰਿਹੰਤ ਭਗਵਾਨ ਦੀ ਸ਼ਰਣ ਮੰਜ਼ੂਰ ਹੈ।

2. ਸਿੱਧ ਭਗਵਾਨ ਦੀ ਸ਼ਰਣ ਮੰਜ਼ੂਰ ਹੈ।
3. ਸੰਸਾਰ ਦੇ ਸਾਰੇ ਸਾਧੂ ਮਹਾਰਾਜ ਦੀ ਸ਼ਰਣ ਮੰਜ਼ੂਰ ਹੈ।
4. ਅਰਿਹੰਤ ਭਗਵਾਨ ਦੁਆਰਾ ਦੱਸੇ ਗਏ ਧਰਮ ਦੀ ਸ਼ਰਣ ਮੰਜ਼ੂਰ ਹੈ।

*ਚਾਰ ਸ਼ਰਣਾ, ਦੁੱਖ ਹਰਨਾ,*
*ਹੋਰ ਨਾ ਸ਼ਰਣਾ ਕੋਏ।*
*ਜੋ ਭਵ ਪ੍ਰਾਣੀ ਆਦਰੇ,*
*ਅਕਸ਼ੈ, ਅਮਰ ਪਦ ਹੋਏ।*

**ਭਾਵ**

ਇਹ ਜੋ ਚਾਰ ਸ਼ਰਣੇ ਹਨ, ਇਹ ਜੀਵਾਂ ਦੇ ਦੁੱਖਾਂ ਨੂੰ ਦੂਰ ਕਰਨ ਵਾਲੇ ਹਨ। ਜਿਹੜੇ ਵੀ ਭਵਜੀਵ ਇਸ ਦਾ ਆਦਰ ਨਾਲ ਸ਼੍ਰਵਨ/ਪਾਲਣ ਕਰਦੇ ਹਨ, ਉਹ ਅਕਸ਼ੈ ਪਦ (ਸਥਾਨ) ਨੂੰ ਪ੍ਰਾਪਤ ਕਰ ਅਮਰ ਪਦ ਨੂੰ ਪ੍ਰਾਪਤ ਕਰਨ ਵਾਲੇ ਬਣ ਜਾਂਦੇ ਹਨ, ਉਹ ਇਹਨਾਂ ਚਾਰਾਂ ਦੀ ਸ਼ਰਣ ਵਿੱਚ ਰਹਿੰਦੇ ਹੋਏ, ਸਿੱਧ ਪਦ ਨੂੰ ਪ੍ਰਾਪਤ ਕਰ ਲੈਂਦੇ ਹਨ।

# ਸਮਤਾ ਸਰਵ ਮੰਗਲ ਦੀ ਭਾਵ ਯੁਕਤ ਯਾਤਰਾ

ਸਵੇਰੇ ਕੰਮ ਦੀ ਸ਼ੁਰੂਆਤ 'ਸਮਤਾ ਸਰਵ ਮੰਗਲ' ਸਾਮੂਹਿਕ ਰੂਪ ਨਾਲ ਕਰਦੇ ਹੋਏ ਇੱਕ ਅਦਭੁੱਤ ਊਰਜਾ ਦਾ ਸੰਚਾਰ ਆਪਣੇ ਆਪ 'ਚ ਅਤੇ ਆਪਸੀ ਕਾਰਜ ਸ਼ੈਲੀ ਵਿੱਚ ਸਥਾਪਿਤ ਹੁੰਦੇ ਹੋਏ ਇਕ ਨਿਰਾਲਾ ਤੇ ਸੰਤੋਖਜਨਕ ਵਾਤਾਵਰਨ ਸਾਡੇ ਸਾਰਿਆਂ ਵਿੱਚ ਬਣਿਆ ਦਿਖਾਈ ਦਿੰਦਾ ਹੈ।

ਇਹ ਛੋਟੀ ਜਿਹੀ ਪਰ ਅਦਭੁੱਤ ਪਹਿਲ ਸਾਡੇ ਸਾਰਿਆਂ ਦੇ ਜੀਵਨ ਨਿਰਮਾਣ ਦਾ ਇੱਕ ਅਲੌਕਿਕ ਮਾਰਗ ਦਰਸ਼ਾ ਰਹੀ ਹੈ।

'ਸਮਤਾ ਸਰਵ ਮੰਗਲ' ਦੀ ਅਰਾਧਨਾ ਕਰਦੇ ਹੋਏ ਸਭ ਦੀ ਵਿਕਾਸ ਯਾਤਰਾ ਉਨੱਤ ਹੋਵੇ, ਮੰਗਲਮਈ ਹੋਵੇ।

*॥ ਮੰਗਲੰ ਮੰਗਲੰ ਮੰਗਲੰ ॥*

- ਹਰ ਵਿਅਕਤੀ ਸੁੱਖ ਚਾਹੁੰਦਾ ਹੈ, ਭਾਵੇਂ ਉਹ ਅਰਬਾਂ ਦਾ ਮਾਲਕ ਹੋਵੇ, ਭਾਵੇ ਕਿਸੇ ਵੀ ਸੰਸਥਾ ਵਿੱਚ ਸੇਵਾ ਦੇਣ ਵਾਲਾ ਅਲਪ (ਘੱਟ) ਤਨਖਾਹ ਵਾਲਾ ਕਰਮਚਾਰੀ ਹੀ ਕਿਉਂ ਨਾ ਹੋਵੇ।

- 'ਸਮਤਾ-ਸਰਵ-ਮੰਗਲ' ਸਾਰੇ ਜੀਵਾਂ ਵਿੱਚ ਸੁੱਖ ਦੀ ਇੱਛਾ ਰੂਪੀ ਸਮਾਨਤਾ ਨੂੰ ਦੇਖਦਾ ਹੈ ਅਤੇ ਉਨ੍ਹਾਂ ਸਾਰਿਆਂ ਦੇ ਜੀਵਨ ਵਿੱਚ ਨਿਸ਼ਚਿਤ ਰੂਪ ਵਿੱਚ ਮੰਗਲ ਦਾ ਸੰਚਾਰ ਕਰਦਾ ਹੈ।

- ਮਨੁੱਖ ਦੇ ਜੀਵਨ ਦਾ ਜ਼ਿਆਦਾਤਰ ਸਮਾਂ ਕਾਰੋਬਾਰੀ ਖੇਤਰਾਂ ਵਿੱਚ ਲੰਘਦਾ ਹੈ। ਇਸ ਲਈ ਆਪਣੇ-ਆਪਣੇ ਕਾਰੋਬਾਰੀ ਕਾਰਜਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੀਤਾ ਗਿਆ 'ਸਮਤਾ-ਸਰਵ-ਮੰਗਲ' ਸਾਰੇ ਮਨੁੱਖਾਂ ਅਤੇ ਕਾਰੋਬਾਰੀ ਖੇਤਰਾਂ ਦੇ ਸੰਪੂਰਨ ਵਾਤਾਵਰਨ ਵਿੱਚ ਇੱਕ ਸ਼ਾਨਦਾਰ ਮੰਗਲ ਦੀ ਸੰਰਚਨਾ ਕਰਦਾ ਹੈ, ਜਿਸ ਨਾਲ ਸਾਰੀ ਸ੍ਰਿਸ਼ਟੀ ਵਿੱਚ ਅਪੂਰਵ ਸੁੱਖ ਦਾ ਪ੍ਰਸਾਰ ਹੁੰਦਾ ਹੈ।


## ਪਤਾ

**ਸਰਵ ਮੰਗਲ ਫਾਉਂਡੇਸ਼ਨ (A unit of SABSJS)**

ਸਮਤਾ ਭਵਨ, ਅਚਾਰਿਆ ਸ਼੍ਰੀ ਨਾਨੇਸ਼ਮਾਰਗ, ਸ਼੍ਰੀ ਜੈਨ ਪੀ.ਜੀ.ਕਾਲਜ ਦੇ ਸਾਹਮਣੇ, ਨੋਖਾ ਰੋਡ, ਗੰਗਾ ਸ਼ਹਿਰ, ਬੀਕਾਨੇਰ- 334401 (ਰਾਜ) ਫੋਨ ਨੰ. 0151-2270261